# 2026-27 ਸਾਉਣੀ ਮੌਸਮ ਲਈ ਝੋਨੇ ਦਾ ਐਮ ਐਸ ਪੀ 72 ਰੁਪਏ ਪ੍ਰਤੀ ਕੁਇੰਟਲ ਵਧਿਆ, ਕਪਾਹ ਦਾ 557 ਰੁਪਏ

2026-27 ਦੇ ਸਾਉਣੀ ਮੰਡੀਕਰਨ ਮੌਸਮ ਲਈ ਝੋਨੇ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ 72 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ, ਜਿਸਦਾ ਐਲਾਨ ਭਾਰਤ ਸਰਕਾਰ ਨੇ 13 ਮਈ, 2026, ਸ਼ਾਮ ਨੂੰ ਕੀਤਾ।

ਝੋਨੇ ਦੀਆਂ ਆਮ ਅਤੇ ਗ੍ਰੇਡ ਏ ਕਿਸਮਾਂ ਦਾ ਘੱਟੋ-ਘੱਟ ਸਮਰਥਨ ਮੁੱਲ ਕ੍ਰਮਵਾਰ 2,441 ਰੁਪਏ ਪ੍ਰਤੀ ਕੁੰਇੰਟਲ ਅਤੇ 2,461 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਗਿਆ ਹੈ। ਮੱਕੀ ਦਾ ਸਮਰਥਨ ਮੁੱਲ ਸਿਰਫ਼ 10 ਰੁਪਏ ਵਧਾ ਕੇ 2,410 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ।

ਦਾਲਾਂ ਵਿੱਚੋਂ ਅਰਹਰ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਸਭ ਤੋਂ ਜ਼ਿਆਦਾ 450 ਰੁਪਏ ਦਾ ਵਾਧਾ ਹੋ ਕੇ 8,450 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ। ਮਾਂਹ ਅਤੇ ਮੂੰਗੀ ਦਾ ਘੱਟੋ-ਘੱਟ ਸਮਰਥਨ ਮੁੱਲ 400 ਰੁਪਏ ਅਤੇ ਸਿਰਫ਼ 12 ਰੁਪਏ ਵਧਾ ਕੇ ਕ੍ਰਮਵਾਰ 8,200 ਰੁਪਏ ਪ੍ਰਤੀ ਕੁਇੰਟਲ ਅਤੇ 8,712 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

ਸਾਉਣੀ ਦੇ ਤਿਲਹਣਾਂ ਵਿੱਚ, ਨਾਈਜਰਸੀਡ ਦਾ ਘੱਟੋ-ਘੱਟ ਸਮਰਥਨ ਮੁੱਲ 515 ਰੁਪਏ ਵਧਾ ਕੇ 10,052 ਰੁਪਏ ਪ੍ਰਤੀ ਕੁਇੰਟਲ ਅਤੇ ਤਿਲ ਦਾ ਐਮ ਐਸ ਪੀ 500 ਰੁਪਏ ਵਧਾ ਕੇ 10,346 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਮੂੰਗਫਲੀ ਦਾ ਸਮਰਥਨ ਮੁੱਲ 254 ਰੁਪਏ ਵਧ ਕੇ 7,537 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ। ਸੋਇਆਬੀਨ (ਪੀਲੀ) ਦਾ ਐਮ ਐਸ ਪੀ 380 ਵਧਾ ਕੇ 5,708 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

ਦਰਮਿਆਨੇ ਅਤੇ ਲੰਮੇ ਰੇਸ਼ੇ ਵਾਲੀ ਕਪਾਹ ਦਾ ਘੱਟੋ-ਘੱਟ ਸਮਰਥਨ ਮੁੱਲ 557 ਰੁਪਏ ਵਧਾ ਕੇ ਕ੍ਰਮਵਾਰ 8,267 ਰੁਪਏ ਪ੍ਰਤੀ ਕੁਇੰਟਲ ਅਤੇ 8,667 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

**2026-27 ਸਾਉਣੀ ਮੌਸਮ ਦਾ ਸਰਕਾਰੀ ਖ਼ਰੀਦ ਲਈ ਖ਼ਰੀਫ਼ ਦੀਆਂ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ**

| **ਫ਼ਸਲ** | **ਐਮ ਐਸ ਪੀ 2026-27 (ਰੁਪਏ/ਕੁਇੰਟਲ)** | **ਐਮ ਐਸ ਪੀ 2025-26 (ਰੁਪਏ/ਕੁਇੰਟਲ** | **ਵਾਧਾ (ਰੁਪਏ/ਕੁਇੰਟਲ)** | **ਵਾਧਾ (ਫ਼ੀਸਦੀ)** |
|---|---|---|---|---|
| ਝੋਨਾ (ਆਮ) | 2,441 | 2,369 | 72 | 3.04% |
| ਝੋਨਾ (ਗ੍ਰੇਡ ਏ) | 2,461 | 2,389 | 72 | 3.01% |
| ਜਵਾਰ (ਹਾਇਬ੍ਰਿਡ) | 4,023 | 3,699 | 324 | 8.76% |
| ਜਵਾਰ (ਮਲਦੰਡੀ) | 4,073 | 3,749 | 324 | 8.64% |
| ਬਾਜਰਾ | 2,900 | 2,775 | 125 | 4.5% |
| ਰਾਗੀ | 5,205 | 4,886 | 319 | 6.53% |
| ਮੱਕੀ | 2,410 | 2,400 | 10 | 0.41% |
| ਤੂਰ (ਅਰਹਰ) | 8,450 | 8,000 | 450 | 5.33% |
| ਮੂੰਗ | 8,780 | 8,768 | 12 | 0.13% |
| ਉੜਦ (ਮਾਂਹ) | 8,200 | 7,800 | 400 | 5.13% |
| ਮੂੰਗਫਲੀ | 7,517 | 7,263 | 254 | 3.5% |
| ਸੂਰਜਮੁਖੀ ਦੇ ਬੀਜ | 8,343 | 7,721 | 622 | 8.06% |
| ਸੋਇਆਬੀਨ (ਪੀਲੀ) | 5,708 | 5,328 | 380 | 7.13% |
| ਤਿਲ | 10,346 | 9,846 | 500 | 5.08% |
| ਨਾਈਜਰਸੀਡ | 10,052 | 9,537 | 515 | 5.4% |
| ਕਪਾਹ (ਦਰਮਿਆਨਾ ਰੇਸ਼ਾ) | 8,267 | 7,710 | 557 | 7.22% |
| ਕਪਾਹ (ਲੰਮਾ ਰੇਸ਼ਾ) | 8,667 | 8,110 | 557 | 6.87% |